# 10

**ਸਵਾਲ:**

# ''ਮੇਰੇ ਲਈ ਨਵੇਂ ਨੇਮ ਦੀ ਕਲੀਸੀਆ ਦਾ ਮੈਂਬਰ ਹੋਣਾ ਜ਼ਰੂਰੀ ਕਿਉਂ ਹੈ?''

**ਜਵਾਬ:**

ਜੇ ਨਵੇਂ ਨੇਮ ਦਾ ਮਸੀਹੀ ਹੋਣਾ ਜ਼ਰੂਰੀ ਹੈ ਤਾਂ ਉਸ ਦੇ ਲਈ ਸਪੱਸ਼ਟ ਅਤੇ ਜ਼ਰੂਰੀ ਕਾਰਣ ਵੀ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਤੁਸੀਂ ਕੁਝ ਗੱਲਾਂ ਤੇ ਵਿਚਾਰ ਕਰ ਰਹੇ ਹੋਵੇਗੇ ਜਿਹੜੀਆਂ ਨਵੇਂ ਨਮੇ ਦਾ ਮਸੀਹੀ ਬਣਨ ਲਈ ਯੋਗ ਕਾਰਣ ਨਹੀਂ ਹਨ।

## ਨਾਕਾਫ਼ੀ ਕਾਰਣ

ਕਈ ਵਾਰ ਕਲੀਸੀਆ ਦਾ ਮੈਂਬਰ ਬਣਨ ਲਈ ਦਿੱਤੇ ਕਾਰਣ ਨਾਕਾਫ਼ੀ ਹੁੰਦੇ ਹਨ। ਜੇ ਤੁਸੀਂ ਆਪਣੇ ਪਿੰਡ ਜਾਂ ਸ਼ਹਿਰ ਵਿਚ ਕਲੀਸੀਆ ਹੋਣ ਕਰਕੇ ਸਾਡੇ ਪ੍ਰਭੂ ਦੀ ਕਲੀਸੀਆ ਦੇ ਮੈਂਬਰ ਹੋ ਤਾਂ ਤੁਸੀਂ ਮਸੀਹ ਦੇ ਸੱਚੇ ਪੈਰੋਕਾਰ ਨਹੀਂ ਹੋ। ਕਈ ਵਾਰ ਪ੍ਰਭੂ ਦੀ ਕਲੀਸੀਆ ਦੇ ਲੋਕ ''ਸਾਰਿਆਂ ਲੋਕਾਂ ਨੂੰ ਪਿਆਰੇ'' (ਰਸੂਲਾਂ ਦੇ ਕੰਮ 2:47) ਹੁੰਦੇ ਹਨ; ਪਰ ਜ਼ਿਆਦਾਤਰ ਬੁਰਿਆਈ ਦਾ ਨਾਂਅ ਹੀ ਹੁੰਦਾ ਹੈ ਅਤੇ ਸਾਡੇ ਪ੍ਰਭੂ ਦੀ ਕਲੀਸੀਆ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ''ਸਾਰਾ ਸੰਸਾਰ ਉਸ ਦੁਸ਼ਟ ਦੇ ਵੱਸ ਵਿਚ ਪਿਆ ਹੋਇਆ ਹੈ'' (1 ਯੂਹੰਨਾ 5:19)। ਇਸ ਕਰਕੇ ਜੇ ਤੁਸੀਂ ਪ੍ਰਭੂ ਦੀ ਕਲੀਸੀਆ ਦੀ ਆਰਜ਼ੀ ਮਸ਼ਹੂਰੀ ਕਰਕੇ ਇਸ ਦੇ ਮੈਂਬਰ ਬਣਦੇ ਹੋ ਤਾਂ ਤੁਸੀਂ ਬੁਰੀ ਤਰ੍ਹਾਂ ਨਾਲ ਗੁਮਰਾਹ ਹੋ।

ਜੇ ਤੁਸੀਂ ਇਸ ਕਰਕੇ ਮਸੀਹੀ ਬਣਨ ਦੇ ਭਰਮ ਵਿਚ ਪਏ ਹੋ ਕਿ ਤੁਹਾਨੂੰ ਲਗਦਾ ਹੈ ਕਿ ਇਸ ਨਾਲ ਤੁਹਾਡੇ ਕਾਰੋਬਾਰ ਜਾਂ ਤੁਹਾਡੀ ਮਾਲੀ ਹਾਲਤ ਵਿਚ ਸੁਧਾਰ ਹੋ ਜਾਵੇਗਾ ਤਾਂ ਤੁਹਾਡੀ ਇਹ ਸੋਚ ਵੀ ਗਲਤ ਹੈ। ਅਜਿਹੀ ਸੋਚ ਵਾਲਾ ਆਦਮੀ ਮਸੀਹੀ ਹੋ ਹੀ ਨਹੀਂ ਸਕਦਾ; ਭਾਵੇਂ ਉਸ ਨੇ ਹੁਕਮ ਮੰਨਣ ਦੇ ਸਹੀ ਢੰਗ ਦਾ ਪਾਲਣ ਵੀ ਕਿਉਂ ਨਾ ਕੀਤਾ ਹੋਵੇ। ਉਸ ਦੇ ਕੰਮਾਂ ਨਾਲ ਲੋਕਾਂ ਨੂੰ ਤਾਂ ਮੂਰਖ ਬਣਾਇਆ ਜਾ ਸਕਦਾ ਹੈ ਪਰ ਖ਼ੁਦਾ ਉਹਦੇ ਮਨ ਦੀਆਂ ਗੁੱਝੀਆਂ ਗੱਲਾਂ ਨੂੰ ਜਾਣਦਾ ਹੈ। ਅਜਿਹੇ ਮਕਸਦ ਵਾਲਾ ਆਦਮੀ ਕਿਸੇ ਕਲੀਸੀਆ ਦੇ ਰਜਿਸਟਰ ਵਿਚ ਆਪਣਾ ਨਾਂਅ ਤਾਂ ਦਰਜ ਕਰਵਾ ਸਕਦਾ ਹੈ ਪਰ ਜ਼ਿੰਦਗੀ ਦੀ ਕਿਤਾਬ ਵਿਚ ਨਹੀਂ।

ਭਾਵੇਂ ਭਾਵਨਾਤਮਕ ਹੀ ਹੈ ਪਰ ਕਲੀਸੀਆ ਦਾ ਮੈਂਬਰ ਬਣਨ ਦਾ ਇਕ ਹੋਰ ਨਾਕਾਫ਼ੀ ਕਾਰਣ ਇਹ ਹੈ ਕਿ ਤੁਹਾਡੇ ਨਜ਼ਦੀਕੀ ਰਿਸ਼ਤੇਦਾਰ ਉਸ ਕਲੀਸੀਆ ਦੇ ਮੈਂਬਰ ਹਨ। ਜੇ ਤੁਸੀਂ ਆਪਣੀ ਮਾਤਾ ਨਾਲ ਪਿਆਰ ਨਹੀਂ ਕਰਦੇ ਹੋ ਤਾਂ ਤੁਸੀਂ ਉਹ ਨਹੀਂ ਹੋ ਜੋ ਤੁਹਾਡੇ ਲਈ ਹੋਣਾ ਜ਼ਰੂਰੀ ਹੈ। ਪਰ ਜੇ ਤੁਸੀਂ ਵਿਸ਼ਵਾਸ ਦੇ ਮਾਮਲਿਆਂ ਵਿਚ ਆਪਣੇ ਫ਼ੈਸਲੇ ਲੈਣ ਦਾ ਇਖ਼ਤਿਆਰ ਉਸ ਨੂੰ ਦੇ ਦਿੰਦੇ ਹੋ ਤਾਂ ਤੁਸੀਂ ਬੰਦਿਆਂ ਦੀ ਪੂਜਾ ਕਰਨ ਵਾਲੇ ਹੋ ਜਿਸ ਨੂੰ ''ਮਾਂ ਦੀ ਪੂਜਾ ਕਰਨਾ'' ਕਿਹਾ ਜਾ ਸਕਦਾ ਹੈ। ਯਿਸੂ ਦੀ ਗੱਲ ਵੱਲ ਧਿਆਨ ਦਿਓ:

ਇਹ ਨਾ ਸਮਝੋ ਭਈ ਮੈਂ ਧਰਤੀ ਉੱਤੇ ਮੇਲ ਕਰਾਉਣ ਆਇਆ ਹਾਂ। ਮੇਲ ਕਰਾਉਣ ਨਹੀਂ ਸਗੋਂ ਤਲਵਾਰ ਚਲਾਉਣ ਆਇਆ ਹਾਂ। ਕਿਉਂ ਜੋ ਮੈਂ ਮਨੁੱਖ ਨੂੰ ਉਹ ਦੇ ਪਿਓ ਤੋਂ ਅਤੇ ਧੀ ਨੂੰ ਉਹ ਦੀ ਮਾਂ ਤੋਂ ਅਤੇ ਨੂੰਹ ਨੂੰ ਉਹ ਦੀ ਸੱਸ ਤੋਂ ਅੱਡ ਕਰਨ ਆਇਆ ਹਾਂ। ਅਰ ਮਨੁੱਖ ਦੇ ਵੈਰੀ ਉਹ ਦੇ ਘਰ ਦੇ ਹੀ ਹੋਣਗੇ। ਜੋ ਕੋਈ ਪਿਉ ਯਾ ਮਾਂ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਯੋਗ ਨਹੀਂ ਅਤੇ ਜੋ ਕੋਈ ਪੁੱਤਰ ਯਾ ਧੀ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਯੋਗ ਨਹੀਂ (ਮੱਤੀ 10:34–37)।

ਜੇ ਕਿਸੇ ਸੱਜਣ ਜਾਂ ਪ੍ਰੇਮੀ ਨੇ ਤੁਹਾਨੂੰ ਦੱਸਿਆ ਹੈ ਕਿ ''ਤੁਹਾਨੂੰ ਕਲੀਸੀਆ ਦੀ ਲੋੜ ਹੈ ਅਤੇ ਕਲੀਸੀਆ ਨੂੰ ਤੁਹਾਡੀ'' ਤਾਂ ਉਸ ਨੇ ਸਿਰਫ਼ ਅੱਧਾ ਸੱਚ ਹੀ ਦੱਸਿਆ ਹੈ। ਤੁਹਾਨੂੰ ਕਲੀਸੀਆ ਦੀ ਲੋੜ ਹੈ, ਇਹ ਬਿਲਕੁਲ ਸਹੀ ਹੈ; ਪਰ ਖ਼ੁਦਾ ਦੀ ਕਲੀਸੀਆ ਨੂੰ ਕਿਸੇ ਇਨਸਾਨ ਦੀ ਲੋੜ ਨਹੀਂ ਹੈ। ਜੇ ਤੁਹਾਨੂੰ ਲਗਦਾ ਹੈ ਕਿ ਤੁਸੀਂ ਇਸ ਦੇ ਮੈਂਬਰ ਬਣ ਕੇ ਆਪਣੇ ਸ਼ਹਿਰ ਜਾਂ ਪਿੰਡ ਵਿਚ ਕਲੀਸੀਆ ਦੀ ਮਦਦ ਕਰੋਗੇ ਤਾਂ ਤੁਸੀਂ ਮਸੀਹੀ ਬਣਨ ਲਈ ਅਜੇ ਤਿਆਰ ਨਹੀਂ ਹੋਏ। ਅਜਿਹੀ ਸੋਚ ਦੀਨਤਾ ਵਾਲੇ ਵਿਹਾਰ ਤੋਂ ਜੋ ਖ਼ੁਦਾ ਦੇ ਰਾਜ ਦੇ ਲੋਕਾਂ ਦੀ ਖ਼ੂਬੀ ਹੈ, ਬਹੁਤ ਦੂਰ ਹੈ। ਮਸੀਹ ਦੀ ਕਲੀਸੀਆ ਤੁਹਾਡੇ ਪੈਦਾ ਹੋਣ ਤੋਂ ਦੋ ਹਜ਼ਾਰ ਸਾਲ ਪਹਿਲਾਂ ਤੋਂ ਹੈ ਅਤੇ ਜੇ ਤੁਸੀਂ ਇਸ ਦੇ ਮੈਂਬਰ ਨਹੀਂ ਵੀ ਬਣਦੇ ਤਾਂ ਵੀ ਤੁਹਾਡੇ ਮਰਨ ਦੇ ਬਾਅਦ ਵੀ ਇਹ ਰਹੇਗੀ।

## ਕਾਫ਼ੀ ਕਾਰਣ

ਪੂਰਬ ਅਤੇ ਪੱਛਮ ਵਾਂਗ ਮਸੀਹੀ ਅਤੇ ਗੈਰ ਮਸੀਹੀ ਵਿਚ ਵੀ ਫ਼ਰਕ ਹੈ। ਜੇ ਤੁਹਾਨੂੰ ਇਹ ਫ਼ਰਕ ਥੋੜ੍ਹਾ ਜਿਹਾ ਵੀ ਸਮਝ ਆ ਜਾਵੇ ਤਾਂ ਤੁਸੀਂ ਪ੍ਰਭੂ ਦੀ ਗੱਲ ਮੰਨਣ ਅਤੇ ਉਸ ਦੀ ਕਲੀਸੀਆ ਦਾ ਮੈਂਬਰ ਬਣਨ ਲਈ ਇਕ ਘੰਟਾ ਵੀ ਉਡੀਕ ਨਹੀਂ ਕਰੋਗੇ।

ਹੇਠਾਂ ਦਿੱਤੀਆਂ ਗਈਆਂ ਤੁਲਨਾਵਾਂ ਵੱਲ ਧਿਆਨ ਦਿਓ:

| **ਮਸੀਹੀ** | **ਗੈਰ ਮਸੀਹੀ** |
|---|---|
| ਰਾਜ ਦੇ ਲੋਕ | ਬਾਹਰਲੇ ਲੋਕ |
| ਖ਼ੁਦਾ ਦੇ ਸੱਜਣ | ਖ਼ੁਦਾ ਦੇ ਵੈਰੀ |
| ਸੰਤ | ਪਾਪੀ |
| ਮਸੀਹ ਵਿਚ ਜ਼ਿੰਦਾ | ਪਾਪ ਵਿਚ ਮਰੇ ਹੋਏ |
| ਉਸ ਦੀ ਨਿਰਾਲੀ ਰੌਸ਼ਨੀ ਵਿਚ | ਅੰਧਕਾਰ ਦੀ ਸ਼ਕਤੀ ਵਿਚ |
| ਖ਼ੁਦਾ ਦੀ ਹਿਫ਼ਾਜ਼ਤ ਵਿਚ | ਸ਼ੈਤਾਨ ਦੀ ਸ਼ਕਤੀ ਦੇ ਵੱਸ ਵਿਚ |

ਪਾਪ ਵਿਚ ਮਰਿਆ ਹੋਣਾ ਕਿੰਨੀ ਭਿਆਨਕ ਗੱਲ ਹੈ! ਮਸੀਹ ਦੇ ਬਿਨਾਂ, ਖ਼ੁਦਾ ਦੇ ਬਿਨਾਂ ਅਤੇ ਬਿਨਾਂ ਉਮੀਦ ਦੇ ਹੋਣਾ ਕਿੰਨੀ ਦੁੱਖ ਭਰੀ ਗੱਲ ਹੈ! ''ਹੇ ਯਹੋਵਾਹ, ਮੈਨੂੰ ਮੇਰਾ ਓੜਕ ਦੱਸ, ਅਤੇ ਇਹ ਵੀ ਕਿ ਮੇਰੇ ਦਿਨਾਂ ਦੀ ਲੰਬਾਈ ਕਿੰਨੀ ਹੈ, ਤਾਂ ਕਿ ਮੈਂ ਜਾਣਾ ਕਿ ਮੈਂ ਕਿੱਡਾ ਅਨਿੱਤ ਹਾਂ'' (ਜ਼ਬੂਰ 39:4)। ਇਹ ਕਿੰਨਾ ਦੁਖੀ ਕਰਨ ਵਾਲਾ ਵਿਚਾਰ ਹੈ ਕਿ ਤੁਸੀਂ ਅੰਧਕਾਰ ਹੋ ਅਤੇ ਸ਼ੈਤਾਨ ਦੀ ਸ਼ਕਤੀ ਦੇ ਵੱਸ ਵਿਚ ਹੋ! ਅਜਿਹੇ ਪਿਤਾ ਦੀ ਹਿਫ਼ਾਜ਼ਤ ਦੇ ਅਧੀਨ ਹੋਣ ਦੇ ਗਿਆਨ ਦੀ ਸਮਰਥਾ ਦੀ ਕਲਪਨਾ ਕਰੋ ਜਿਹੜਾ ਸਰਵਸ਼ਕਤੀਮਾਨ ਹੈ, ਜੇ ਤੁਸੀਂ ਮਸੀਹੀ ਹੋ ਤਾਂ ਤੁਸੀਂ ਖ਼ੁਦਾ ਵਿਚ ਮਸੀਹ ਦੇ ਨਾਲ ਲੁਕ ਜਾਓਗੇ ਅਤੇ ਜੇ ਤੁਸੀਂ ਉੱਥੇ ਰਹਿਣਾ ਚਾਹੁੰਦੇ ਹੋ ਤਾਂ ਕੋਈ ਤੁਹਾਨੂੰ ਉੱਥੋਂ ਹਟਾ ਨਹੀ ਸਕੇਗਾ।

ਜੇ ਇਨ੍ਹਾਂ ਤੁਲਨਾਵਾਂ ਨਾਲ ਤੁਸੀਂ ਖ਼ੁਦਾ ਦੀ ਗੱਲ ਨਹੀਂ ਮੰਨਣਾ ਚਾਹੁੰਦੇ ਤਾਂ ਵੀ ਅਜਿਹੇ ਕਾਰਣ ਹਨ ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

**ਸ਼ੁਕਰਗੁਜ਼ਾਰੀ ਦਾ ਕਾਰਣ**

ਕੋਈ ਹੋਰ ਕਾਰਣ ਨਾ ਹੋਣ ਤੇ ਵੀ ਤੁਹਾਨੂੰ ਸ਼ੁਕਰਗੁਜ਼ਾਰੀ ਦੇ ਕਾਰਣ ਰਚਨਹਾਰੇ ਦੀ ਸੇਵਾ ਕਰਨੀ ਚਾਹੀਦੀ ਹੈ। ਉਸ ਮਿਹਰਬਾਨ ਖ਼ੁਦਾ ਨੇ ਤੁਹਾਨੂੰ ਪੈਦਾ ਕੀਤਾ, ਪਰ ਤੁਸੀਂ ਇਸ ਨੂੰ ਕਿਵੇਂ ਵਰਤਿਆ? ਕਿਸੇ ਦੂਰਦਰਸ਼ੀ ਨੇ ਆਪਣੇ ਰਹਿਮ ਨਾਲ ਤੁਹਾਨੂੰ ਇਕ ਖ਼ੂਬਸੂਰਤ ਅਤੇ ਵਿਸ਼ਾਲ ਸੰਸਾਰ ਵਿਚ ਰੱਖਿਆ– ਤੁਸਾਂ ਉਸ ਤੋਂ ਕੀ ਲੈਣਾ ਦੇਣਾ ਸੀ? ਤੁਹਾਡੀ ਸਾਰੀ ਖੁਸ਼ੀ ਰੌਸ਼ਨੀਆਂ ਦੇ ਪਿਤਾ ਵੱਲੋਂ ਹੀ ਆਉਂਦੀ ਹੈ ਜਿਸ ਵਿਚ ਕੋਈ ਤਬਦੀਲੀ ਜਾਂ ਛਾਂਅ ਜਾਂ ਬਦਲ ਨਹੀਂ ਹੁੰਦਾ (ਯਾਕੂਬ 1:17)। ਖ਼ੁਦਾ ਦੀ ਰੋਟੀ ਖਾ ਕੇ ਅਤੇ ਉਸ ਦੀ ਹਵਾ ਵਿਚ ਸਾਹ ਲੈ ਕੇ ਵੀ ਕੀ ਤੁਸੀਂ ਉਸਦੇ ਖ਼ਿਲਾਫ਼ ਬਗ਼ਾਵਤ ਕਰਦੇ ਰਹਿ ਸਕਦੇ ਹੋ? ਕੀ ਤੁਸੀਂ ਸਵੇਰ ਦੇ ਸੂਰਜ ਦੇ ਨਜ਼ਾਰੇ ਦੀ ਪੇਂਟਿੰਗ ਨੂੰ ਵੇਖ ਕੇ ਜਾਂ ਖ਼ੁਦਾ ਵੱਲੋਂ ਦਿੱਤੀ ਹਦਾਇਤ ਨਾਲ ਲੱਕੜੀਆਂ ਦੀ ਸੁਰੀਲੀ ਅਵਾਜ਼ ਸੁਣ ਕੇ ਵੀ ਉਹ ਨਹੀਂ ਕਰੋਗੇ ਜੋ ਖ਼ੁਦਾ ਤੁਹਾਨੂੰ ਕਰਨ ਲਈ ਆਖਦਾ ਹੈ। ਭਲਾ ਕੋਈ ਐਨਾ ਨਾਸ਼ੁਕਰਾ ਹੋ ਸਕਦਾ ਹੈ ਕਿ ਆਪਣੇ ਖ਼ੁਦਾ ਤੋਂ ਮਿਲੀਆਂ ਬਰਕਤਾਂ ਨੂੰ ਪਰਖ ਲਵੇ ਜਾਂ ਮਸੀਹੀ ਬਣ ਕੇ ਉਸ ਦੀ ਗੱਲ ਮੰਨਣ ਤੋਂ ਇਨਕਾਰ ਕਰੇ? ਉਸ ਦਾ ਹੁਕਮ ਮੰਨਣਾ ''ਸ਼ੁਕਰੀਆ'' ਕਹਿਣ ਦਾ ਇਕ ਛੋਟਾ ਜਿਹਾ ਤਰੀਕਾ ਹੈ। ਇਸ ਦੇ ਬਾਵਜੂਦ ਅਸੀਂ ਨਿਕੰਮੇ ਦਾਸ ਹੀ ਹਾਂ।

ਜੇ ਤੁਸੀਂ ਉਸ ਦੀਆਂ ਦੁਨਿਆਵੀ ਬਰਕਤਾਂ ਲਈ ਐਨੇ ਨਾਸ਼ੁਕਰਗੁਜ਼ਾਰ ਹੋ ਕਿ ਤੁਸੀਂ ਉਸ ਨੂੰ ਕਬੂਲ ਹੀ ਨਹੀਂ ਕਰਦੇ ਤਾਂ ਯਕੀਨਨ ਹੀ ਮਸੀਹਾ ਦੇ ਜ਼ਖ਼ਮਾਂ ਨਾਲ ਲਹੂ ਲੁਹਾਨ ਬਦਨ ਨੂੰ ਵੇਖ ਕੇ ਤੁਸੀਂ ਉਸ ਨੂੰ ਠੁਕਰਾ ਨਹੀਂ ਸਕਦੇ। ਉਸ ਦਾ ਚਿਹਰਾ ਕਿਉਂ ਬੇਹਾਲ ਹੋਇਆ, ਕਿਉਂ ਉਸ ਦਾ ਬਦਨ ਲਹੂ ਲੁਹਾਣ ਹੋਇਆ? ਉਸ ਨੇ ਕੀ ਗੁਨਾਹ ਕੀਤਾ ਸੀ? ''ਸਚਮੁਚ ਉਸ ਨੇ ਸਾਡੇ ਗਮ ਚੁੱਕ ਲਏ ਅਤੇ ਸਾਡੇ ਦੁੱਖ ਉਠਾਏ'' (ਯਸਾਯਾਹ 53:4)। ਸਚਮੁਚ ਮਸੀਹ ਦੇ ਪਿਆਰ ਨਾਲ ਤੁਹਾਨੂੰ ਬੇਵੱਸ ਹੋਣਾ ਚਾਹੀਦਾ ਹੈ, ''ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ ਭਈ ਇਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ'' (2 ਕੁਰਿੰਥੀਆਂ 5:14)। ਇਸ ਕਰਕੇ ਹੁਣ ਤੁਹਾਨੂੰ ਆਪਣੇ ਲਈ ਨਹੀਂ ਬਲਕਿ ਉਸ ਦੇ ਲਈ ਜੀਣਾ ਚਾਹੀਦਾ ਹੈ ਜਿਹੜਾ ਤੁਹਾਡੇ ਲਈ ਮਰ ਕੇ ਫੇਰ ਤੋਂ ਜੀ ਉੱਠਿਆ।

ਜੇ ਕਿਸੇ ਸ਼ੁਕਰਗੁਜ਼ਾਰ ਆਦਮੀ ਨੂੰ ਵੇਖ ਕੇ ਤੁਹਾਡਾ ਮਨ ਮਸੀਹ ਦਾ ਹੁਕਮ ਮੰਨਣ ਨੂੰ ਨਹੀਂ ਪੰਘਰਦਾ, ਤਾਂ ਮਸੀਹੀ ਲੋਕਾਂ ਲਈ ਰੱਖੀਆਂ ਗਈਆਂ ਉਨ੍ਹਾਂ ਵੱਡੀਆਂ ਵੱਡੀਆਂ ਬਰਕਤਾਂ ਲਈ ਧਿਆਨ ਦਿਓ ਅਤੇ ਸਭ ਗੱਲਾਂ ਛੱਡ ਕੇ ਸਿਰਫ਼ ਮਸੀਹੀ ਲੋਕਾਂ ਵੱਲ ਵੇਖੋ। ਦੁਨਿਆਵੀ ਬਰਕਤਾਂ ਤਾਂ ਪਾਪੀ ਲੋਕਾਂ ਨੂੰ ਵੀ ਉਵੇਂ ਹੀ ਮਿਲਦੀਆਂ ਹਨ ਜਿਵੇਂ ਖ਼ੁਦਾ ਦਾ ਭੈ ਮੰਨਣ ਵਾਲੇ ਸੰਤਾਂ ਨੂੰ, ਪਰ ਰੂਹਾਨੀ ਬਰਕਤਾਂ ਸਿਰਫ਼ ਉਨ੍ਹਾਂ ਲਈ ਹੀ ਹਨ ਜਿਹੜੇ ''ਸੰਤ ਹੋਣ ਲਈ ਸੱਦੇ ਗਏ ਹਨ'' (1 ਕੁਰਿੰਥੀਆਂ 1:2) ਭਾਵ ਉਸ ਦੀ ਕਲੀਸੀਆ ਦੇ ਲੋਕ ਹਨ। ਤੁਸੀਂ ਚਾਹੇ ਮਨੁੱਖ ਦੇ ਪੁੱਤਰ ਦਾ ਖੁੱਲ੍ਹਾ ਵਿਰੋਧ ਕਰੋ ਤਾਂ ਵੀ ਤੁਹਾਡੇ ਬਗੀਚੇ ਵਿਚ ਬਾਰਿਸ਼ ਜ਼ਰੂਰ ਹੋਵੇਗੀ, ਪਰ ਮਸੀਹੀ ਬਣੇ ਬਗ਼ੈਰ ਤੁਹਾਨੂੰ ਆਪਣੀ ਆਤਮਾ ਦੇ ਧੋਤੇ ਜਾਣ ਅਤੇ ਸ਼ੁੱਧ ਕੀਤੇ ਜਾਣ ਦੀ ਬਰਕਤ ਨਹੀਂ ਮਿਲੇਗੀ: ''ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਵਿਚ ਬਪਤਿਸਮਾ ਲਵੇ'' (ਰਸੂਲਾਂ ਦੇ ਕੰਮ 2:38)। ਤੁਸੀਂ ਚਾਹੇ ਜ਼ਿੰਦਗੀ ਭਰ ਖ਼ੁਦਾ ਦੇ ਵੈਰੀ ਬਣੇ ਰਹੋ ਤਾਂ ਵੀ ਸੂਰਜ ਦੀ ਗਰਮਾਇਸ਼ ਤੁਹਾਨੂੰ ਮਿਲਦੀ ਰਹੇਗੀ ਅਤੇ ਊਰਜਾ ਦਿੰਦੀ ਹੀ ਰਹੇਗੀ, ਪਰ ਜਦ ਤਕ ਤੁਸੀਂ ਮਸੀਹ ਦੀ ਇੰਜੀਲ ਦੀ ਗੱਲ ਨਹੀਂ ਮੰਨਦੇ ਉਦੋਂ ਤਕ ਪਵਿੱਤਰ ਆਤਮਾ ਦਾ ਦਾਨ ਨਾ ਤਾਂ ਮਿਲਦਾ ਹੈ, ਨਾ ਮਿਲ ਹੀ ਸਕਦਾ ਹੈ ਅਤੇ ਨਾ ਮਿਲੇਗਾ। ਉਮਰ ਭਰ ਬੁਰਿਆਈ ਕਰਦਿਆਂ ਰਹਿ ਕੇ ਵੀ ਤੁਸੀਂ ਖ਼ੂਬਸੂਰਤ ਮਕਾਨ ਬਣਾ ਸਕਦੇ ਹੋ, ਪਰ ਸੁਰਗ ਵਿਚ ਬਣਨ ਵਾਲਾ ਘਰ ਸਿਰਫ਼ ਉਨ੍ਹਾਂ ਵਾਸਤੇ ਹੈ ਜਿਹੜੇ ਖ਼ੁਦਾ ਦੇ ਲੋਕ ਹਨ। ਹਮੇਸ਼ਾ ਤਕ ਰਹਿਣ ਵਾਲੀਆਂ ਚੀਜ਼ਾਂ ਸਿਰਫ਼ ਮਸੀਹੀ ਲੋਕਾਂ ਦੀਆਂ ਹੀ ਹਨ। ਬਗੀਚੇ ਉੱਜੜ ਜਾਂਦੇ

ਹਨ, ਧੁੱਪ ਜਾਂਦੀ ਰਹਿੰਦੀ ਹੈ ਅਤੇ ਮਕਾਨ ਖੰਡਰ ਬਣ ਜਾਂਦੇ ਹਨ; ਪਰ ਪਾਪਾਂ ਦੀ ਮਾਫ਼ੀ, ਪਵਿੱਤਰ ਆਤਮਾ ਦਾ ਦਾਨ ਅਤੇ ਅਵਿਨਾਸ਼ੀ ਵਡਿਆਈ ਦੀ ਆਸ ਅਜਿਹੀਆਂ ਚੀਜ਼ਾਂ ਹਨ ਜੋ ਹਮੇਸ਼ਾ ਬਣੀਆਂ ਅਤੇ ਤਾਜ਼ੀਆਂ ਰਹਿੰਦੀਆਂ ਹਨ। ਦੁਨੀਆਂ ਵਿਚ ਇਨ੍ਹਾਂ ਹੀ ਚੀਜ਼ਾਂ ਦਾ ਮਹੱਤਵ ਹੈ ਅਤੇ ਮਸੀਹੀ ਆਦਮੀ ਤੋਂ ਛੁੱਟ ਇਨ੍ਹਾਂ ਨੂੰ ਕੋਈ ਪਾ ਨਹੀਂ ਸਕਦਾ। ਛਾਂ ਦੀ ਵਾਦੀ ਅਤੇ ਖ਼ੁਦਾ ਦੀ ਸੰਤਾਨ ਲਈ ਕੋਈ ਖ਼ਤਰਾ ਨਹੀਂ ਹੈ। ਮਸੀਹੀ ਆਦਮੀ ਕਬਰਸਤਾਨ ਵਿੱਚੋਂ ਦੀ ਲੰਘਦਾ ਹੋਇਆ ਮੌਤ ਉੱਤੇ ਹੱਸਦਾ ਹੀ ਨਹੀਂ ਬਲਕਿ ਉਸ ਦਾ ਮਜ਼ਾਕ ਵੀ ਉਡਾਉਂਦਾ ਹੈ: ''ਹੇ ਮੌਤ, ਤੇਰੀ ਫ਼ਤਹਿ ਕਿੱਥੇ ਹੈ? ਹੇ ਮੌਤ ਤੇਰਾ ਡੰਗ ਕਿੱਥੇ ਹੈ?'' (1 ਕੁਰਿੰਥੀਆਂ 15:55)। ਖ਼ੁਦਾ ਦਾ ਸ਼ੁਕਰ ਹੋਵੇ ਜਿਹੜਾ ਸਾਨੂੰ ਭਾਵ ਮਸੀਹੀ ਲੋਕਾਂ ਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫ਼ਤਹਿਮੰਦ ਕਰਦਾ ਹੈ (1 ਕੁਰਿੰਥੀਆਂ 15:57)।

**ਕਿਉਂਕਿ ਇਹ ਲਿਖਤ ਅਨੁਸਾਰ ਹੈ**

ਪ੍ਰਭੂ ਯਿਸੂ ਮਸੀਹ ਦੀ ਕਲੀਸੀਆ ਦਾ ਮੈਂਬਰ ਬਣਨ ਦਾ ਇਕ ਸਭ ਤੋਂ ਵਧੀਆ ਕਾਰਣ ਮੈਨੂੰ ਬਾਈਬਲ ਵਿੱਚੋਂ ਮਿਲਦਾ ਹੈ ਜੋ ਮੈਨੂੰ ਕਾਫ਼ੀ ਮਹੱਤਵਪੂਰਣ ਲਗਦਾ ਹੈ। ਜੇ ਮੈਂ ਕਿਸੇ ਅਜਿਹੀ ਕਲੀਸੀਆ ਦਾ ਮੈਂਬਰ ਹੁੰਦਾ ਜਿਸ ਬਾਰੇ ਖ਼ੁਦਾ ਨੇ ਆਪਣੀ ਪਵਿੱਤਰ ਪੁਸਤਕ ਵਿਚ ਨਹੀਂ ਦੱਸਿਆ ਤਾਂ ਮੈਨੂੰ ਫ਼ਿਕਰ ਹੋਣੀ ਚਾਹੀਦੀ ਸੀ। ਜੇ ਕੋਈ ਤੁਹਾਥੋਂ ਉਸ ਕਲੀਸੀਆ ਬਾਰੇ ਪੁੱਛੇ ਜਿਸ ਦੇ ਤੁਸੀਂ ਮੈਂਬਰ ਹੋ, ਤਾਂ ਕੀ ਤੁਸੀਂ ਬਾਈਬਲ ਵਿੱਚੋਂ ਕੱਢ ਕੇ ਦੱਸ ਸਕਦੇ ਹੋ ਕਿ ''ਇੱਥੇ ਪ੍ਰਭੂ ਨੇ ਉਸ ਕਲੀਸੀਆ ਦਾ ਨਾਂਅ ਦਿੱਤਾ ਹੈ ਜਿਸ ਦਾ ਮੈਂ ਮੈਂਬਰ ਹਾਂ''? ਤੁਸੀਂ ਅਜਿਹਾ ਤਦੇ ਕਰ ਸਕਦੇ ਹੋ ਜੇ ਤੁਸੀਂ ਉਸ ਕਲੀਸੀਆ ਦੇ ਮੈਂਬਰ ਹੋਵੋ ਜਿਹੜੀ ਯਿਸੂ ਦੀ ਹੈ। ਮੱਤੀ 16:18 ਵਿਚ ਯਿਸੂ ਨੇ ''ਆਪਣੀ ਕਲੀਸੀਆ'' ਬਣਾਉਣ ਦੀ ਗੱਲ ਆਖੀ ਸੀ। ਉਸ ਨੇ ''ਆਪਣੀਆਂ ਕਲੀਸੀਆਵਾਂ'' ਨਹੀਂ ਬਲਕਿ ਸਿਰਫ਼ ''ਆਪਣੀ ਕਲੀਸੀਆ'' ਹੀ ਬਨਾਉਣ ਦੀ ਗੱਲ ਕਹੀ ਸੀ। ਪਵਿੱਤਰ ਲਿਖਤ ਵਿਚ ਸਿਰਫ਼ ਇੱਕੋ ਹੀ ਸੰਸਥਾਨ ਬਾਰੇ ਦੱਸਿਆ ਗਿਆ ਹੈ। ਮੈਂ ਬਾਈਬਲ ਵਿਚ ਦੱਸੀ ਉਸੇ ਹੀ ਸੰਸਥਾ ਵਿਚ ਰਹਿਣਾ ਚਾਹੁੰਦਾ ਹਾਂ। ਇਸ ਨੂੰ ''ਪਰਮੇਸ਼ੁਰ ਦੀ ਕਲੀਸੀਆ'' (ਰਸੂਲਾਂ ਦੇ ਕੰਮ 20:28; 1 ਕੁਰਿੰਥੀਆਂ 1:2) ਕਿਹਾ ਜਾਂਦਾ ਹੈ। ਮਸੀਹੀ ਲੋਕਾਂ ਦੀਆਂ ਸਥਾਨਕ ਮੰਡਲੀਆਂ ਨੂੰ ''ਮਸੀਹ ਦੀਆਂ ਕਲੀਸੀਆਵਾਂ'' ਕਿਹਾ ਜਾਂਦਾ ਸੀ (ਰੋਮੀਆਂ 16:16)। ਕੀ ਤੁਸੀਂ ਉਸ ਕਲੀਸੀਆ ਦੇ ਮੈਂਬਰ ਨਹੀਂ ਬਣਨਾ ਚਾਹੋਗੇ ਜਿਸ ਦਾ ਜ਼ਿਕਰ ਖ਼ਾਸ ਤੌਰ ਤੇ ਬਾਈਬਲ ਵਿਚ ਹੋਇਆ ਹੈ।[1] ਮੈਨੂੰ ਤਾਂ ਨਿਆਂ ਵਾਲੇ ਦਿਨ ਖ਼ੁਦਾ ਸਾਹਮਣੇ ਖੜੇ ਹੋ ਕੇ ਇਹ ਕਹਿਣ ਤੋਂ ਡਰ ਲੱਗੇਗਾ ਕਿ ''ਹੇ ਪ੍ਰਭੂ, ਮੈਂ ਆਪਣੀ ਸਾਰੀ ਜ਼ਿੰਦਗੀ ਧਰਤੀ ਉੱਤੇ ਉਸ ਕਲੀਸੀਆ ਵਿਚ ਕੱਟ ਦਿੱਤੀ ਜਿਸ ਦਾ ਜ਼ਿਕਰ ਬਾਈਬਲ ਵਿਚ ਨਹੀਂ ਹੈ।''

ਜਿਹੜੀ ਕਲੀਸੀਆ ਯਿਸੂ ਨੇ ਬਣਾਈ ਉਹ ਇਕ ਵਿਸ਼ਵਵਿਆਪੀ ਕਲੀਸੀਆ ਹੈ, ਜਿਸ ਦਾ ਭਾਵ ਸਿਰਫ਼ ਇਹ ਹੈ ਕਿ ਉਸ ਦਾ ਮਕਸਦ ਜਾਂ ਮਿਸ਼ਨ ਵਿਸ਼ਵਵਿਆਪੀ ਹੈ। ਸਾਡੇ ਪ੍ਰਭੂ ਦੀ ਕਲੀਸੀਆ ''ਬੈਪਟਿਸਟ'' ਕਲੀਸੀਆ ਹੈ, ਕਿਉਂਕਿ ਇਸ ਨਾਲ ਪਾਪੀਆਂ ਨੂੰ ਬਪਤਿਸਮਾ ਦਿੱਤਾ ਜਾਂਦਾ ਹੈ। ਜਿਸ ਕਲੀਸੀਆ ਬਾਰੇ ਤੁਸੀਂ ਬਾਈਬਲ ਵਿੱਚੋਂ ਪੜ੍ਹਦੇ ਹੋ ਉਸ ਦੇ ਕੰਮ ਤਰਤੀਬਬੱਧ ਢੰਗ ਨਾਲ ਭਾਵ ''ਮੈਥਡ ਨਾਲ'' ਹੁੰਦੇ ਹਨ। ਮਸੀਹ ਦੀ ਕਲੀਸੀਆ ਨੂੰ ''ਪ੍ਰੈੱਸਬਿਟਰ'' (ਐਲਡਰ) ਚਲਾਉਂਦੇ ਹਨ। ਖ਼ੁਦਾ ਦੀ ਕਲੀਸੀਆ ਦਾ ਪ੍ਰਬੰਧ ''ਸਥਾਨਕ ਮੰਡਲੀਆਂ'' ਰਾਹੀਂ ਹੁੰਦਾ ਹੈ ਕਿਉਂਕਿ ਹਰ ਮੰਡਲੀ ਅਜ਼ਾਦ ਹੈ ਅਤੇ ਆਪਣੇ ਕੰਮ ਕਾਜ ਨੂੰ ਆਪ ਵੇਖਦੀ ਹੈ। ਲਹੂ ਨਾਲ ਖ਼ਰੀਦੀ ਗਈ ਨਵੇਂ ਨੇਮ ਦੀ ਕਲੀਸੀਆ ''ਐਪਿਸਕੋਪੇਲੀਅਨ'' ਕਲੀਸੀਆ ਹੈ, ਕਿਉਂਕਿ ਇਸ ਵਿਚ ਹਰ ਮੰਡਲੀ ਉੱਤੇ ਬਿਸ਼ਪ (ਯੂ.: *episcopoi*) ਹੁੰਦੇ ਹਨ। ਪ੍ਰਭੂ ਦੀ ਸੰਸਥਾ ''ਐਡਵੈਂਟਿਸਟ'' ਕਲੀਸੀਆ ਹੈ, ਕਿਉਂਕਿ ਇਹ ਉਸਦੀ ਆਮਦ ਦੀ ਰਾਹ ਤੱਕਦੀ ਹੈ। ਯਿਸੂ ਦੀ ਕਲੀਸੀਆ ਚਰਚ ਆਫ਼ ਬ੍ਰਦਰਨ ਹੈ। ਇਹ ਭਾਈਆਂ ਦੇ ਇਕੱਠਾ ਹੋਣ ਨਾਲ ਬਣਦੀ ਹੈ। ਇਹ ਕਲੀਸੀਆ ''ਇਵੈਂਜਲਿਕਲ'' ਹੈ, ਕਿਉਂਕਿ ਇਹ ਪ੍ਰਚਾਰ ਦੇ

ਕੰਮ ਵਿਚ ਯਕੀਨ ਰੱਖਦੀ ਹੈ। ਇਹ ਦੋਸਤਾਂ ਦੀ ਇਕ ਸੁਸਾਇਟੀ ਹੈ। ਇਹ ''ਪਵਿੱਤਰ'' ਕਲੀਸੀਆ ਹੈ। ਇਹ ਮਸੀਹੀ ਲੋਕਾਂ ਦੇ ਮਿਲਣ ਨਾਲ ਬਣਦੀ ਹੈ। ਪਰ ਨਵੇਂ ਨੇਮ ਦੀ ਕਲੀਸੀਆ ਨੂੰ ਕਦੇ ਵੀ ਇਨ੍ਹਾਂ ਵਿੱਚੋਂ ਕੋਈ ਨਾਂਅ ਨਹੀਂ ਦਿੱਤਾ ਗਿਆ। ਇਸ ਲਈ ਇਸ ਦੀ ਪਛਾਣ ਇਨ੍ਹਾਂ ਡਿਨੋਮੀਨੇਸ਼ਨਾਂ ਜਾਂ ਫ਼ਿਰਕੂ ਕਲੀਸੀਆਵਾਂ ਨਾਲ ਨਹੀਂ ਹੋਣੀ ਚਾਹੀਦੀ ਜਿਨ੍ਹਾਂ ਦਾ ਵਜੂਦ 1600 ਈਸਵੀ ਤਕ ਕਿਤੇ ਨਹੀਂ ਸੀ।

ਮਨੁੱਖਾਂ ਦੀਆਂ ਬਣਾਈਆਂ ਡਿਨੋਮੀਨੇਸ਼ਨਾਂ ਵੀ ਹਨ ਜੋ ਆਪਣਾ ਸਬੰਧ ਯਿਸੂ ਨਾਲ ਹੋਣ ਦਾ ਦਾਅਵਾ ਕਰਦੀਆਂ ਹਨ। ਮੈਂ ਇਨ੍ਹਾਂ ਵਿੱਚੋਂ ਕਿਸੇ ਦਾ ਮੈਂਬਰ ਨਹੀਂ ਹਾਂ, ਅਤੇ ਨਾ ਬਣਨਾ ਚਾਹੁੰਦਾ ਹਾਂ। ਉਨ੍ਹਾਂ ਦੀ ਸ਼ੁਰੂਆਤ ਦੁਨਿਆਵੀ ਹੈ, ਉਨ੍ਹਾਂ ਦਾ ਜ਼ਿਕਰ ਬਾਈਬਲ ਵਿਚ ਨਹੀਂ ਹੈ, ਅਤੇ ਉਨ੍ਹਾਂ ਨੂੰ ਸਾਡੇ ਪ੍ਰਭੂ ਦੇ ਲਹੂ ਨਾਲ ਖ਼ਰੀਦਿਆ ਨਹੀਂ ਗਿਆ ਸੀ। ਮੈਂ ਨਿਰੋਲ, ਡਿਨੋਮੀਨੇਸ਼ਨ ਰਹਿਤ ਕਲੀਸੀਆ ਲਈ ਬੇਨਤੀ ਕਰਦਾ ਹਾਂ ਜਿਸ ਨੂੰ ਯਿਸੂ ਦੇ ਲਹੂ ਨਾਲ ਖ਼ਰੀਦਿਆ ਗਿਆ ਸੀ (ਰਸੂਲਾਂ ਦੇ ਕੰਮ 20:28) ਅਤੇ ਉਸ ਇਕ ਸੰਸਥਾ ਦੇ ਪੱਖ ਵਿਚ ਹਾਂ ਜਿਸ ਨੂੰ ਬਾਈਬਲ ਦੀ ਨਿਰੋਲ ਭਾਸ਼ਾ ਦੀ ਵਰਤੋਂ ਕਰੀਏ ਤਾਂ, ਲੈਣ ਲਈ ਮੇਰਾ ਪ੍ਰਭੂ ਵਾਪਸ ਆ ਰਿਹਾ ਹੈ (ਅਫ਼ਸੀਆਂ 5:23)।

### ਕਿਉਂਕਿ ਇਹ ਸੁਰਗ ਵੱਲੋਂ ਚਲਾਈ ਜਾਂਦੀ ਹੈ

ਇਕ ਹੋਰ ਚੰਗਾ ਕਾਰਣ ਹੈ ਕਿ ਮੈਂ ਯਿਸੂ ਦੀ ਕਲੀਸੀਆ ਦਾ ਮੈਂਬਰ ਕਿਉਂ ਹਾਂ ਅਤੇ ਉਹ ਇਹ ਹੈ ਕਿ ਇਸ ਦਾ ਧਰਤੀ ਉੱਤੇ ਕੋਈ ਹੈੱਡ ਕੁਆਟਰ ਨਹੀਂ ਹੈ। ਪੌਲੁਸ ਨੇ ਕਿਹਾ ਕਿ ''ਅਸੀਂ ਸੁਰਗ ਦੀ ਪਰਜਾ ਹਾਂ'' (ਫ਼ਿਲਿੱਪੀਆਂ 3:20), ਇਸ ਕਰਕੇ ਜੇ ਮੈਂ ਮਸੀਹ ਦੀ ਕਲੀਸੀਆ ਦਾ ਮੈਂਬਰ ਹਾਂ ਤਾਂ ਮੈਨੂੰ ਹਦਾਇਤਾਂ ਲਈ ਸਾਲਟ ਲੇਕ ਸਿਟੀ, ਉਟਾਹ, ਬੋਸਟਨ, ਮੈਸਾਚੁਏਟਸ ਜਾਂ ਰੋਮ, ਇਟਲੀ ਦਾ ਮੂੰਹ ਤੱਕਣ ਦੀ ਲੋੜ ਨਹੀਂ ਹੈ। ਸਿਰਫ਼ ਮਸੀਹ ਹੀ ਆਪਣੀ ਕਲੀਸੀਆ ਦਾ ਸਿਰ ਹੈ ਜਿਸ ਦਾ ਹਰ ਮੈਂਬਰ ''ਇਕ ਸੰਗ ਜੁੜ ਕੇ ਪ੍ਰਭੂ ਵਿਚ ਪਵਿੱਤਰ ਹੈਕਲ ਬਣਦੀ ਜਾਂਦੀ ਹੈ। ਜਿਸ ਵਿਚ ਤੁਸੀਂ ਵੀ ਆਤਮਾ ਵਿਚ ਪਰਮੇਸ਼ੁਰ ਦਾ ਭਵਨ ਹੋਣ ਲਈ ਇਕ ਸੰਗ ਬਣਾਏ ਜਾਂਦੇ ਹੋ'' (ਅਫ਼ਸੀਆਂ 2:21, 22)।

ਮੈਂ ਮਸੀਹ ਦੀ ਕਲੀਸੀਆ, ਭਾਵ ਉਸ ਕਲੀਸੀਆ ਦਾ ਜੋ ਯਿਸੂ ਦੀ ਹੈ ਉਸ ਦੇ ਅਕੀਦੇ ਦੀ ਕਿਤਾਬ ਕਾਰਣ, ਮੈਂਬਰ ਹਾਂ। ਉਹ ਇਸ ਦਾ ਸਿਰ ਹੈ (ਕੁਲੁੱਸੀਆਂ 1:18), ਅਤੇ ਉਸ ਦੀ ਸ਼ਰ੍ਹਾ ਨਾਲ ਇਹ ਚੱਲਦੀ ਹੈ। ਉਸ ਦੇ ਆਤਮਾ ਨੇ ਨਵੇਂ ਨੇਮ ਨੂੰ ਲਿਖਣ ਲਈ ਪਵਿੱਤਰ ਲੋਕਾਂ ਨੂੰ ਪ੍ਰੇਰਣਾ ਦਿੱਤੀ ਸੀ। ਨਵਾਂ ਨੇਮ ਹੀ ਉਹ ਇੱਕੋ ਇਕ ਅਕੀਦਾ ਹੈ ਜਿਹੜਾ ਯਿਸੂ ਨੇ ਆਪਣੀ ਕਲੀਸੀਆ ਲਈ ਦਿੱਤਾ ਸੀ। ਜੇ ਤੁਸੀਂ ਅਜਿਹੀ ਕਲੀਸੀਆ ਦੇ ਮੈਂਬਰ ਜਿਸ ਦਾ ਰਹਿਤਨਾਮਾ ਜਾਂ ਈਮਾਨ ਦਾ ਇਕਰਾਰ ਮਨੁੱਖਾਂ ਵੱਲੋਂ ਬਣਾਇਆ ਗਿਆ ਹੈ ਤਾਂ ਜ਼ਾਹਿਰ ਹੈ ਕਿ ਉਹ ਕਲੀਸੀਆ ਯਿਸੂ ਦੀ ਕਲੀਸੀਆ ਨਹੀਂ ਹੈ।

### ਕਿਉਂਕਿ ਇਹ ਹਮੇਸ਼ਾ ਤਕ ਰਹੇਗੀ

ਯਿਸੂ ਦੀ ਕਲੀਸੀਆ ਦਾ ਮੈਂਬਰ ਹੋਣ ਦਾ ਮੇਰਾ ਇਕ ਹੋਰ ਕਾਰਣ ਇਹ ਹੈ ਕਿ ਇਹ ਅਵਿਨਾਸ਼ੀ ਹੈ। ਮਨੁੱਖਾਂ ਵੱਲੋਂ ਬਣਾਈ ਹਰ ਸੰਸਥਾ ''ਪੁੱਟ'' ਦਿੱਤੀ ਜਾਵੇਗੀ। ਮਨੁੱਖਾਂ ਦੀ ਬਣਾਈ ਹਰ ਸੰਸਥਾ ''ਜੜ੍ਹੋਂ ਪੁੱਟ'' ਦਿੱਤੀ ਜਾਵੇਗੀ (ਮੱਤੀ 15:13), ਪਰ ਕਲੀਸੀਆ ਉੱਤੇ ਪਤਾਲ ਦੇ ਫ਼ਾਟਕਾਂ ਦਾ ਵੀ ਕੋਈ ਵੱਸ ਨਹੀਂ ਚੱਲ ਸਕਦਾ (ਮੱਤੀ 16:18)। ਯੁੱਗਾਂ ਤਕ ਅਤੇ ਜਗਤ ਦੇ ਅੰਤ ਤਕ, ਖ਼ੁਦਾ ਦੀ ਵਡਿਆਈ ਪ੍ਰਭੂ ਯਿਸੂ ਦੀ ਕਲੀਸੀਆ ਵਿਚ ਹੋਵੇਗੀ (ਅਫ਼ਸੀਆਂ 3:21)।

### ਕਿਉਂਕਿ ਮਸੀਹ ਇਸ ਦਾ ਮੁਕਤੀਦਾਤਾ ਹੈ

ਯਿਸੂ ਮਸੀਹ ਦੀ ਕਲੀਸੀਆ ਦਾ ਮੈਂਬਰ ਹੋਣ ਦਾ ਇਸ ਤੋਂ ਵੱਡਾ ਕਾਰਣ ਕੋਈ ਹੋਰ ਨਹੀਂ ਹੋ ਸਕਦਾ ਕਿ ਇਸਦੇ ਬਾਹਰ ਰਹਿ ਕੇ ਮੁਕਤੀ ਨਹੀਂ। ਡਿਨੋਮੀਨੇਸ਼ਨਾਂ ਜਾਂ ਫ਼ਿਰਕੂ ਕਲੀਸੀਆਵਾਂ ਦੇ

ਬਾਹਰ ਰਹਿ ਕੇ ਤੁਸੀਂ ਬਚਾਏ ਜਾ ਸਕਦੇ ਹੋ, ਪਰ ਉਸ ਕਲੀਸੀਆ ਤੋਂ ਬਾਹਰ ਰਹਿ ਕੇ ਜਿਸ ਬਾਰੇ ਤੁਸੀਂ ਬਾਈਬਲ ਵਿੱਚੋਂ ਪੜ੍ਹਦੇ ਹੋ, ਬਚਾਏ ਨਹੀਂ ਜਾ ਸਕਦੇ। ਤੁਸੀਂ ਮਸੀਹ ਦੇ ਲਹੂ ਦੇ ਬਿਨਾਂ ਬਚਾਏ ਨਹੀਂ ਜਾ ਸਕਦੇ (ਮੱਤੀ 26:28)। ਯਿਸੂ ਦੇ ਲਹੂ ਦੀ ਹਰ ਬੂੰਦ ਉਹਦੀ ਕਲੀਸੀਆ ਵਿਚ ਪਈ (ਰਸੂਲਾਂ ਦੇ ਕੰਮ 20:28)। ਇਕ ਦਿਨ ਯਿਸੂ ਵਾਪਸ ਆ ਰਿਹਾ ਹੈ, ਪਰ ਆਪਣੀ ਕਲੀਸੀਆ ਦੇ ਬਾਹਰ ਰਹਿਣ ਵਾਲਿਆਂ ਉੱਤੇ ਕ੍ਰੋਧ ਕਰਨ ਅਤੇ ਉਨ੍ਹਾਂ ਤੋਂ ਬਦਲਾ ਲੈਣ ਵਾਸਤੇ। ਇਹ ਸੱਚ ਹੈ ਕਿ ਉਸ ਦੀ ਕਲੀਸੀਆ ਵਿਚ ਬੇ–ਈਮਾਨ ਲੋਕ ਹਨ ਜਿਨ੍ਹਾਂ ਨੂੰ ਉਹ ਕੰਡਿਆਲੀਆਂ ਅਤੇ ਪੱਤਿਆਂ ਵਾਂਗ ਕੱਢ ਕੇ ਸੁੱਟ ਦਏਗਾ (ਇਬਰਾਨੀਆਂ 6:8), ਜਿਨ੍ਹਾਂ ਨੂੰ ਅਖ਼ੀਰ ਵਿਚ ਸਾੜ ਦਿੱਤਾ ਜਾਂਦਾ ਹੈ; ਪਰ ਉਸ ਦੀ ਕਲੀਸੀਆ ਤੋਂ ਬਾਹਰ ਕਿਸੇ ਦੀ ਮੁਕਤੀ ਨਹੀਂ ਹੈ। ਜਿਸ ਦਿਨ ਯਿਸੂ ਆਪਣੀ ਖ਼ਾਸ ਮਲਕੀਅਤ ਬਣਾਉਣ ਲਈ ਆਏਗਾ (ਮਲਾਕੀ 3:17), ਇਹ ਉਹੀ ਲੋਕ ਹੋਣਗੇ ਜਿਨ੍ਹਾਂ ਨੂੰ ਉਸ ਦੇ ਲਹੂ ਨਾਲ ਭਰੇ ਚਸ਼ਮੇ ਨਾਲ ਸ਼ੁੱਧ ਕੀਤਾ ਗਿਆ ਹੋਵੇਗਾ। ਉਸ ਨੇ ਉਨ੍ਹਾਂ ਵਿੱਚੋਂ ਹਰੇਕ ਨੂੰ ਆਪਣਾ ਬਣਾਉਣ ਦਾ ਵਾਅਦਾ ਕੀਤਾ ਹੈ। ਯਿਸੂ ''ਦੇਹੀ ਦਾ ਬਚਾਉਣ ਵਾਲਾ'' (ਅਫ਼ਸੀਆਂ 5:23), ''ਕਲੀਸੀਆ ਦੀਆਂ ਸਭ ਵਸਤਾਂ ਉੱਤੇ ਸਿਰ ਹੈ ਜੋ ਉਸ ਦੀ ਦੇਹ ਹੈ'' (ਅਫ਼ਸੀਆਂ 1:22, 23)।

## ਸਾਰ

ਨਵੇਂ ਨੇਮ ਦੀ ਕਲੀਸੀਆ ਦੇ ਚੰਗੇ ਕਾਰਣਾਂ ਦੀ ਕੋਈ ਕਮੀ ਨਹੀਂ ਹੈ ਅਤੇ ਮਸੀਹੀ ਬੰਦੇ ਨੂੰ ਮਿਲਣ ਵਾਲੀਆਂ ਬਰਕਤਾਂ ਨੂੰ ਮਾਪਿਆ ਨਹੀਂ ਜਾ ਸਕਦਾ। ਕੀ ਤੁਸੀਂ ਉਨ੍ਹਾਂ ਬਰਕਤਾਂ ਲਈ ਜਿਹੜੀਆਂ ਖ਼ੁਦਾ ਨੇ ਤੁਹਾਨੂੰ ਦਿੱਤੀਆਂ ਹਨ, ਉਸ ਦਾ ਸ਼ੁਕਰ ਕਰਦੇ ਹੋ? ਕੀ ਤੁਸੀਂ ਉਸ ਕਲੀਸੀਆ ਬਾਰੇ ਜਿਸ ਨੂੰ ਉਸ ਨੇ ਬਣਾਇਆ ਸੀ, ਬਾਈਬਲ ਵਿੱਚੋਂ ਪੜ੍ਹਿਆ ਹੈ? ਜੇ ਤੁਸੀਂ ਉਸ ਕਲੀਸੀਆ ਦਾ ਅਕੀਦਾ, ਮੁਕਤੀਦਾਤਾ ਅਤੇ ਅਬਦੀ ਭਵਿੱਖ ਹੋਣ ਦਾ ਦਾਅਵਾ ਕਰਨਾ ਚਾਹੁੰਦੇ ਹੋ, ਤਾਂ ਹੁਣੇ ਸਮਾਂ ਹੈ ਕਿ ਮਸੀਹ ਦੀ ਦੇਹ ਦੇ ਅੰਗ ਬਣ ਜਾਵੋ।

ਜੇ ਤੁਸੀਂ ਯਿਸੂ ਮਸੀਹ ਨੂੰ ਮੁਕਤੀਦਾਤਾ, ਖ਼ੁਦਾ ਦਾ ਬੇਟਾ ਮੰਨਦੇ ਹੋ ਤਾਂ ਤੁਹਾਡੇ ਲਈ ਸਮਾਂ ਹੈ ਕਿ ਪਤਰਸ ਵਾਂਗ ਇਕਰਾਰ ਕਰ ਲਓ। (ਮੱਤੀ 16:16; ਵੇਖੋ ਰੋਮੀਆਂ 10:10)। ਜੇ ਤੁਸੀਂ ਮਸੀਹ ਲਈ ਜੀਣਾ ਚਾਹੁੰਦੇ ਹੋ ਤਾਂ ਆਪਣੇ ਪਾਪਾਂ ਤੋਂ ਤੌਬਾ ਕਰਨ (ਰਸੂਲਾਂ ਦੇ ਕੰਮ 2:38) ਅਤੇ ਬਪਤਿਸਮਾ ਲੈ ਕੇ ਆਪਣੇ ਪਾਪ ਧੋ ਸੁੱਟਣ ਦਾ ਇਹੀ ਸਮਾਂ ਹੈ (ਰਸੂਲਾਂ ਦੇ ਕੰਮ 22:16)। ਕੀ ਨਵੇਂ ਨੇਮ ਦੀ ਕਲੀਸੀਆ ਦਾ ਮੈਂਬਰ ਬਣਨ ਲਈ ਤੁਹਾਡੇ ਕੋਲ ਕੋਈ ਕਾਫ਼ੀ ਕਾਰਣ ਹੈ?

---

ਟਿੱਪਣੀਅ

[1]ਅਸਲ ਵਿਚ ਜਿਸ ਕਲੀਸੀਆ ਦਾ ਜ਼ਿਕਰ ਬਾਈਬਲ ਵਿਚ ਹੈ, ਉਸ ਨੂੰ ਕੋਈ ਨਾਂਅ ਨਹੀਂ ਦਿੱਤਾ ਗਿਆ। ''ਜੌਨ ਦਾ ਕੁੱਤਾ'' ਕਹਿਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਕੁੱਤੇ ਦਾ ਨਾਂਅ ਦੱਸ ਦਿੱਤਾ ਹੈ। ''ਸੈਮ ਦੀ ਪਤਨੀ'' ਕਹਿਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਉਸ ਦਾ ਨਾਂਅ ਦੱਸਿਆ ਹੈ। ਤੁਸੀਂ ਉਸ ਦੇ ਪਤੀ ਦਾ ਨਾਂਅ ਲਿਆ ਹੈ, ਪਰ ਉਸ ਦਾ ਨਾਂਅ ਨਹੀਂ ਦੱਸਿਆ। ਜੇ ਤੁਸੀਂ ਕਹਿੰਦੇ ਹੋ ਕਿ ''ਮਸੀਹ ਦੀ ਕਲੀਸੀਆ'' ਤਾਂ ਤੁਸੀਂ ਕਲੀਸੀਆ ਦਾ ਨਾਂਅ ਨਹੀਂ ਬਲਕਿ ਇਹ ਦੱਸਿਆ ਹੈ ਕਿ ਕਲੀਸੀਆ ਕਿਸ ਦੀ ਹੈ। ਇਸ ਤਰ੍ਹਾਂ ਬਾਈਬਲ ਵਿਚਲੀ ਕਲੀਸੀਆ ਦਾ ਕੋਈ ਨਾਂਅ ਨਹੀਂ ਦਿੱਤਾ ਗਿਆ ਹੈ।